Tel: 604.596.7733

www.surreyschools.ca

# ਆਪਣੇ ਬੱਚਿਆਂ ਨੂੰ ਕੰਮ ਵਾਲੀ ਥਾਂ ’ਤੇ ਲਿਜਾਣਾ!

## ਹਰ ਨਵੰਬਰ ਵਿੱਚ ਕੈਨੇਡਾ ਭਰ ਵਿੱਚ 9ਵੀਂ ਕਲਾਸ ਦੇ ਵਿਦਿਆਰਥੀ ਇਹ ਦਿਨ ਆਪਣੇ ਮਾਪੇ ਜਾਂ ਸੱਦਾ ਦੇਣ ਵਾਲੇ ਕਿਸੇ ਵਾਲੰਟੀਅਰ ਨਾਲ ਉਸ ਦੇ ਕੰਮ ’ਤੇ ਗੁਜ਼ਾਰਦੇ ਹਨ

**ਆਪਣੇ ਬੱਚਿਆਂ ਨੂੰ ਆਪਣੀ ਕੰਮ ਵਾਲੀ ਥਾਂ ’ਤੇ ਲਿਜਾਣ** ਦਾ ਪ੍ਰਬੰਧ ਕੈਨੇਡਾ ਵਿੱਚ ਇਕ ਮਜ਼ਬੂਤ ਵਿਦਿਅਕ ਪ੍ਰਬੰਧ ਦੇ ਸਮਰਥਨ ਲਈ ਵਪਾਰਾਂ, ਵਿਦਿਅਕ ਅਦਾਰਿਆਂ, ਸਰਕਾਰਾਂ, ਲੇਬਰ, ਨੀਤੀਆਂ ਬਣਾਉਣ ਵਾਲਿਆਂ ਅਤੇ ਕਮਿਊਨਿਟੀ ਨੂੰ ਇਕੱਠੇ ਕਰਨ ਲਈ ਸਮਰਪਤ ਕੌਮੀ ਪੱਧਰ ਦੀ ਇਕ ਦਾਨੀ ਸੰਸਥਾ, ਲਰਨਿੰਗ ਪਾਰਟਨਰਸ਼ਿੱਪ ਵੱਲੋਂ ਕੀਤਾ ਜਾਂਦਾ ਹੈ।

ਵਿਦਿਆਰਥੀ ਜਿੰਨਾ ਜ਼ਿਆਦਾ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਦੇ ਕੰਮਾਂ ਬਾਰੇ ਜਾਣਨਗੇ, ਆਪਣੇ ਭਵਿੱਖ ਦੇ ਕੈਰੀਅਰ ਬਾਰੇ ਉਨ੍ਹਾਂ ਦੇ ਫੈਸਲੇ ਉਨੇ ਹੀ ਜਾਣਕਾਰੀ ਭਰਪੂਰ ਹੋਣਗੇ।

ਇਹ ਕਾਰਜ 9ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੰਮ ਦੇ ਮਾਹੌਲ ਵਿੱਚ ਅਸਲੀ ਜ਼ਿੰਦਗੀ ਦੇ ਇਕ ਦਿਨ ਦੇ ਤਜਰਬੇ ਲਈ ਮੌਕਾ ਪ੍ਰਦਾਨ ਕਰਦਾ ਹੈ।



## ਵਿਦਿਆਰਥੀਆਂ ਲਈ ਫਾਈਦੇ:

- ਸਕੂਲ ਵਿੱਚ ਰਹਿ ਕੇ ਪੜ੍ਹਾਈ ਕਰਨ ਅਤੇ ਹਾਈ ਸਕੂਲ ਦਾ ਡਿਪਲੋਮਾ ਹਾਸਲ ਕਰਨ ਅਤੇ ਸਕੂਲ ਤੋਂ ਬਾਅਦ ਪੜ੍ਹਾਈ ਜਾਰੀ ਰੱਖਣ ਦੀ ਜ਼ਰੂਰਤ ਦੀ ਸਮਝ ਆਉਂਦੀ ਹੈ।
- ਅੱਜ ਕੱਲ੍ਹ ਦੇ ਕੰਮਾਂਕਾਰਾਂ ਲਈ ਲੋੜੀਂਦੇ ਹੁਨਰਾਂ ਬਾਰੇ ਗਿਆਨ ਮਿਲਦਾ ਹੈ।
- ਆਪਣੇ ਮਾਪਿਆਂ ਵੱਲੋਂ ਰੋਜ਼ੀ ਕਮਾਉਣ ਅਤੇ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਨਿਭਾਈ ਜਾਂਦੀ ਭੂਮਿਕਾ ਦਾ ਗਿਆਨ ਹੁੰਦਾ ਹੈ।
- ਵੱਡਿਆਂ ਵੱਲੋਂ ਕੀਤੇ ਜਾਂਦੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਸ਼ੁਰੂਆਤ ਹੁੰਦੀ ਹੈ।
- ਕੰਮਾਂਕਾਰਾਂ ਬਾਰੇ ਗੁੰਝਲਦਾਰ ਚੋਣਾਂ ਅਤੇ ਉਨ੍ਹਾਂ ਬਾਰੇ ਅਗੇਤੀ ਜਾਣਕਾਰੀ ਲੈਣ ਦੇ ਫਾਇਦਿਆਂ ਦੀ ਬਿਹਤਰ ਸਮਝ ਆਉਂਦੀ ਹੈ।
- ਕੰਮਾਂਕਾਰਾਂ ਦੀਆਂ ਵੱਖ ਵੱਖ ਚੋਣਾਂ ਬਾਰੇ ਅਮਲੀ ਰੂਪ ਵਿੱਚ ਜਾਣਕਾਰੀ ਮਿਲਦੀ ਹੈ।

ਇਸ ਦਿਨ ਲਈ ਕੋਈ ਮਾਪਾ, ਗੁਆਂਢੀ ਜਾਂ ਰਿਸ਼ਤੇਦਾਰ ਇਕ ਵਿਦਿਆਰਥੀ ਨੂੰ ਆਪਣੇ ਕੰਮ ’ਤੇ ਲਿਜਾਣ ਲਈ ਵਾਲੰਟੀਅਰ ਵੱਜੋਂ ਸੱਦਾ ਦੇ ਸਕਦਾ ਹੈ।

ਸ਼ਮੂਲੀਅਤ ਕਰਨ ਵਾਲੇ ਹਰ ਵਿਦਿਆਰਥੀ ਲਈ ਕੰਮ ’ਤੇ ਜਾਣ ਦੇ ਪ੍ਰਬੰਧ ਕੀਤੇ ਜਾਣਗੇ।

**ਸਰੀ ਵਿੱਚ ਆਪਣੇ ਬੱਚਿਆਂ ਨੂੰ ਕੰਮ ’ਤੇ ਲਿਜਾਣ ਦੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਸਕੂਲ ਦੇ ਕੈਰੀਅਰ ਐਜੂਕੇਸ਼ਨ ਡਿਪਾਰਟਮੈਂਟ ਨਾਲ ਸੰਪਰਕ ਕਰੋ।**